ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ......955......  ਮਿਤੀ: ......22/3/23

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 20/03/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 18 ਮਿਤੀ 20/03/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 956-959  **ਮਿਤੀ:** 22/3/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:20.03.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 18, 20.03.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ, ਫਗਵਾੜਾ ਕਿ ਨਗਰ ਨਿਗਮ, ਫਗਵਾੜਾ ਵਲੋਂ ਪਿਛਲੇ ਸਮੇਂ ਦੌਰਾਨ ਸ਼ਹਿਰ ਦੇ ਹੇਠ ਲਿਖੇ ਵਿਕਾਸ ਦੇ ਕੰਮ ਦਾ ਈ-ਟੈਂਡਰ ਲਗਾਇਆ ਗਿਆ ਸੀ। ਇਸ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਨਗਰ ਨਿਗਮ ਪਾਸੋਂ ਮਤਾ ਨੰ: 02 ਮਿਤੀ 07/01/2022 ਰਾਹੀਂ ਅਤੇ ਸਰਕਾਰ ਪਾਸੋਂ ਪੱਤਰ ਨੰ: ਸ5/ਡਸਸ/ਮਸਸ/2022/17760 ਮਿਤੀ 26/05/2022 ਰਾਹੀਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਇਸ ਕੰਮ ਦਾ ਤਖਮੀਨਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਪਾਸੋਂ ਵੈੱਟ ਕੀਤਾ ਗਿਆ, ਜਿਸ ਉਪਰੰਤ ਤਖਮੀਨੇ ਦੀ ਰਾਸ਼ੀ 2,82,77,903.00 ਪ੍ਰਵਾਨ ਕੀਤੀ ਗਈ।<br>ਇਸ ਉਪਰੰਤ ਇਸ ਕੰਮ ਦਾ ਈ-ਟੈਂਡਰ ਲਗਾਇਆ ਗਿਆ ਸੀ, ਜਿਸ ਦੀ Technical Bid ਮਿਤੀ 26/12/2022 ਨੂੰ ਖੋਲੀ ਗਈ ਸੀ। ਇਸ ਕੰਮ ਵਿੱਚ ਕੁੱਲ 4 ਬਿੱਡਰਾਂ ਵੱਲੋਂ ਭਾਗ ਲਿਆ ਗਿਆ ਸੀ ਅਤੇ ਬਿੱਡਰਾਂ ਵੱਲੋਂ ਆਨਲਾਈਨ ਪ੍ਰਾਪਤ ਹੋਏ ਦਸਤਾਵੇਜਾਂ ਨੂੰ ਇਸ ਦਫਤਰ ਪਾਸੋਂ ਚੈੱਕ ਕੀਤਾ ਗਿਆ। ਇਸ ਵਿੱਚ ਇੱਕ ਬਿੱਡਰ ਦੇ ਦਸਤਾਵੇਜ ਸ਼ਰਤਾਂ ਅਨੁਸਾਰ ਠੀਕ ਨਾ ਹੋਣ ਕਾਰਨ ਰੱਦ ਕੀਤੇ ਗਏ ਅਤੇ ਤਿੰਨ ਯੋਗ ਬਿੱਡਰ ਪਾਏ ਗਏ। ਇਸ ਉਪਰੰਤ ਮੁੱਖ ਇੰਜੀਨੀਅਰ (ਓ. ਐਂਡ ਐਮ.), ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਪੱਤਰ ਨੰ:1218/SE ਮਿਤੀ 12/01/2023 ਰਾਹੀਂ ਦਸਤਾਵੇਜ (Technical Bid) ਘੋਖਣ ਲਈ ਭੇਜੇ ਗਏ ਸਨ ਅਤੇ ਉਹਨਾਂ ਵੱਲੋਂ Technical Bid Documents ਘੋਖਣ ਉਪਰੰਤ ਮੁੱਖ ਇੰਜੀਨੀਅਰ (ਓ. ਐਂਡ ਐਮ.) ਪਾਸੋਂ ਜੁਬਾਨੀ ਹੁਕਮ ਕੀਤੇ ਗਏ ਸਨ ਕਿ ਇਸ ਕੰਮ ਦੀ Financial Bid ਖੋਲ ਦਿੱਤੀ ਜਾਵੇ।<br>ਇਸ ਉਪਰੰਤ ਨਗਰ ਨਿਗਮ ਵੱਲੋਂ ਯੋਗ ਬਿੱਡਰਾਂ ਦੀ Technical Bid ਪ੍ਰਵਾਨ ਕਰਨ ਉਪਰੰਤ ਕੰਮ ਦੀ Financial Bid ਮਿਤੀ 23/01/2023 ਨੂੰ ਖੋਲ ਕੇ ਦਫਤਰ ਦੇ ਪੱਤਰ ਨੰ: 257 ਮਿਤੀ 30/01/2023 ਰਾਹੀਂ ਮੁੱਖ ਇੰਜੀਨੀਅਰ (ਓ. ਐਂਡ ਐਮ.), ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਵੈੱਟ ਕਰਨ ਹਿੱਤ ਭੇਜੀ ਗਈ ਸੀ। ਮੁੱਖ ਇੰਜੀਨੀਅਰ (ਓ. ਐਂਡ ਐਮ.), ਸਥਾਨਕ | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਪੱਤਰ ਨੰ: ਸੀ.ਈ-2023/6035 ਮਿਤੀ 06/02/2022 ਰਾਹੀਂ ਹੇਠ ਅਨੁਸਾਰ ਕੰਮ ਦੀ Financial Bid ਵੈੱਟ ਕੀਤੀ ਗਈ ਹੈ।

ਇਹ ਕੰਮ ਸਵੱਛ ਭਾਰਤ ਮਿਸ਼ਨ ਅਧੀਨ ਗ੍ਰਾਂਟ ਵਿੱਚੋਂ ਕਰਵਾਇਆ ਜਾਣਾ ਹੈ। ਇਸ ਕੰਮ ਦਾ ਮਤਾ ਨਗਰ ਨਿਗਮ ਦੇ ਹਾਊਸ ਵਿੱਚੋਂ ਅਤੇ ਸਰਕਾਰ ਪਾਸੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਕੰਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No. | Name of Work | Est. Amt. (Rs.) | Lowest Firm/ Agency/ Contractor | Quoted Rate (Less overall %) | Tender Amt. (Lacs) | Bids |
|---|---|---|---|---|---|---|
| 1. | Bio remediation of Legacy waste laying at Hargobindgarh Bhogpur Dump Site | 2,82,77,903/- | Daya Charan And Company | 11.07 | 2,51,47,539/- | 3 |

ਇੱਥੇ ਇਹ ਦੱਸਣਾ ਯੋਗ ਹੈ ਕਿ ਇਸ ਕੰਮ ਦਾ ਈ-ਟੈਂਡਰ ਦੂਜੀ ਵਾਰ ਕਾਲ ਕੀਤਾ ਗਿਆ ਸੀ। ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟਿਫਿਕੇਸ਼ਨ ਨੰ: 5/71/2017/MEO/DA/334 ਮਿਤੀ 23 ਮਾਰਚ, 2020 ਰਾਹੀਂ ਨਗਰ ਨਿਗਮ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਕੰਮ ਦੇ ਰੇਟ ਪ੍ਰਵਾਨ ਕਰਨ ਅਤੇ ਵਰਕ ਆਰਡਰ ਜਾਰੀ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ।

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।